CASA – AOF for Non – Individuals

## ਨਿਯਮ ਅਤੇ ਸ਼ਰਤਾਂ

ਮੈਂ/ਅਸੀਂ (ਇਸ ਸਬੰਧ ਵਿੱਚ "ਮੈਂ/ਅਸੀਂ", "ਮੇਰਾ/ਸਾਡਾ" ਅਤੇ "ਮੈਨੂੰ/ਸਾਨੂੰ" ਤੋਂ ਭਾਵ ਸਾਰੇ ਖਾਤਾ ਧਾਰਕਾਂ ਤੋਂ ਹੈ) ਹੇਠਾਂ ਦਿੱਤੇ ਗਏ ਨਿਯਮਾਂ ਅਤੇ ਸ਼ਰਤਾਂ ਨੂੰ ਪੜ ਲਿਆ ਹੈ ਅਤੇ ਅਸੀਂ ਇਹ ਸਮਝਦੇ ਹਾਂ ਕਿ ਨਿਯਮਾਂ ਅਤੇ ਸ਼ਰਤਾਂ ਵਿੱਚ ਕੋਈ ਵੀ ਬਦਲਾਵ ਸਿਰਫ www.axisbank.com ਵੈਬਸਾਈਟ 'ਤੇ ਉਪਲੱਬਧ ਹੋਵੇਗਾ।

**ਖਾਤਾ ਖੋਲਣਾ/ਸੇਵਾ ਤਜ਼ਵੀਜ਼:** ਖਾਤਾ ਖੋਲਣ ਸਮੇਤ ਸਾਰੀਆਂ ਸੇਵਾਵਾਂ ਮੇਰੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ/ਦਸਤਾਵੇਜ਼ਾਂ ਦੀ ਤਸਦੀਕ ਦੇ ਅਧੀਨ ਹੈ। ਜੇਕਰ ਇਹ ਖਾਤਾ ਨਹੀਂ ਖੋਲਿਆ ਜਾਂਦਾ ਹੈ, ਤਾਂ ਜੇਕਰ ਮੈਂ/ਅਸੀਂ ਸ਼ੁਰੂ ਤੋਂ 20,000 ਰੁਪਏ ਜਾਂ ਉਸ ਤੋਂ ਵੱਧ ਨਕਦ ਖਾਤੇ ਵਿੱਚ ਧੰਨਰਾਸ਼ੀ ਜਮਾਂ ਕੀਤੀ ਹੈ, ਤਾਂ ਇਸ ਨੂੰ ਸਿਰਫ ਡੀਡੀ/ਚੈੱਕ ਜਾਂ ਪੀਓ ਦੇ ਰੂਪ ਵਿੱਚ ਮੈਨੂੰ ਵਾਪਸ ਕਰ ਦਿੱਤੀ ਜਾਵੇਗੀ। ਪਾਕਿਸਤਾਨ ਦੀ ਇਕਾਈ ਨੂੰ ਆਪਣੇ ਪ੍ਰੋਜੈਕਟ ਆਫਿਸ ਖਾਤੇ ਲਈ ਖਾਤਾ ਖੋਲਣ ਵਾਸਤੇ ਆਰਬੀਆਈ ਦੀ ਮਨਜ਼ੂਰੀ ਜੀ ਲੋੜ ਹੈ ਮੌਜੂਦਾ ਗਾਹਕ ਆਈਡੀ: ਮੌਜੂਦਾ ਗਾਹਕਾਂ ਦੇ ਮਾਮਲੇ ਵਿੱਚ, ਜੋ ਕਿ ਆਪਣੀ ਗਾਹਕ ਆਈਡੀ ਐਲਾਨਿਤ ਨਹੀਂ ਕਰਦੇ ਹਨ ਅਤੇ ਨਵੇਂ ਗਾਹਕ ਵਜੋਂ ਅਪਲਾਈ ਕਰ ਰਹੇ ਹਨ, ਬੈਂਕ ਅਜਿਹੇ ਮਾਮਲਿਆਂ ਵਿੱਚ ਜਿਵੇਂਕਿ ਉਹ ਤੈਅ ਕਰ ਸਕਦਾ ਹੈ, ਮੈਨੂੰ ਸੂਚਿਤ ਕੀਤੇ ਬਗੈਰ ਗਾਹਕ ਆਈਡੀ ਨੂੰ ਸਮੇਕਿਤ ਕਰਨ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ।

**ਸੇਵਾਵਾਂ:** ਸਾਰੀਆਂ ਸੇਵਾਵਾਂ ਐਕਸਿਸ ਬੈਂਕ ਦੁਆਰਾ ਸਰਵੋਤਮ ਯਤਨ ਦੇ ਆਧਾਰ 'ਤੇ ਪ੍ਰਦਾਨ ਕੀਤੀਆਂ ਜਾਣਗੀਆਂ। ਮੇਰੇ ਲਈ ਉਪਲੱਬਧ ਸੇਵਾਵਾਂ ਦੀ ਪੂਰੀ ਸੂਚੀ www.axisbank.com 'ਤੇ ਉਪਲੱਬਧ ਹੋਵੇਗੀ।

**ਫੀਸ ਅਤੇ ਸ਼ੁਲਕ:** ਫੀਸ ਅਤੇ ਸ਼ੁਲਕ ਮੇਰੇ ਖਾਤੇ 'ਤੇ ਅਤੇ ਮੇਰੇ ਦੁਆਰਾ ਹਾਸਲ ਹੋਰਨਾਂ ਸੇਵਾਵਾਂ ਲਈ ਲਾਗੂ ਹੋਵੇਗਾ ਜਿਵੇਂਕਿ ਸ਼ੁਲਕਾਂ ਦੀ ਅਨੁਸੂਚੀ ਅਤੇ ਵੈਬਸਾਈਟ www.axisbank.com 'ਤੇ ਵਰਣਿਤ ਹੈ। ਸਮੇਂ-ਸਮੇਂ 'ਤੇ ਲਾਗੂ ਹੋਣ ਵਾਲੇ ਮਾਲ ਅਤੇ ਸੇਵਾ ਕਰ ਅਤੇ ਹੋਰ ਵਿਧਾਨਿਕ ਕਰ ਸਾਰੀਆਂ ਫੀਸਾਂ 'ਤੇ ਲਗਾਏ ਜਾਣਗੇ।

**ਫੀਸ ਅਤੇ ਸ਼ੁਲਕਾਂ ਅਤੇ ਸੇਵਾਵਾਂ ਵਿੱਚ ਬਦਲਾਵ:** ਫੀਸ ਅਤੇ ਸ਼ੁਲਕ, ਸੇਵਾਵਾਂ ਜਾਂ ਵਿਆਜ ਦਰ ਵਿੱਚ ਕੋਈ ਵੀ ਬਦਲਾਵ/ਸਮਾਪਤੀ ਬਾਰੇ ਮੈਨੂੰ ਪੱਤਰ/ਐਸਐਮਐਸ/ਵੈਬਸਾਈਟ/ਈਮੇਲ ਜਾਂ ਹੋਰਨਾਂ ਮਾਧਿਅਮਾਂ ਰਾਹੀਂ ਘੱਟੋ-ਘੱਟ 30 ਦਿਨ ਪਹਿਲਾਂ ਸੂਚਿਤ ਕੀਤਾ ਜਾਵੇਗਾ।

**ਰਿਕਵਰੀ:** ਜੇਕਰ ਫੀਸ/ਸ਼ੁਲਕ ਦਾ ਭੁਗਤਾਨ ਕਰਨ ਲਈ ਖਾਤੇ ਵਿੱਚ ਕੋਈ ਧੰਨਰਾਸ਼ੀ ਉਪਲੱਬਧ ਨਹੀਂ ਹੈ, ਤਾਂ ਮੈਂ ਐਕਸਿਸ ਬੈਂਕ ਨੂੰ ਸੰਗ੍ਰਿਹ ਆਮਦਨ ਜਾਂ ਕਿਸੇ ਹੋਰ ਜਮਾਂ ਖਾਤੇ ਵਿੱਚ ਆਉਣ ਵਾਲੀ ਰਾਸ਼ੀ ਸਮੇਤ ਕਿਸੇ ਵੀ ਉਪਲੱਬਧ ਕਰੈਡਿਟ ਨੂੰ ਸੈੱਟ ਔਫ ਕਰਨ ਲਈ ਅਧਿਕਾਰਤ ਕਰਦਾ ਹਾਂ।

**ਖਾਤਾ ਫਰੀਜ਼ ਕਰਨਾ:** ਅਸੀਂ ਬੈਂਕ ਨੂੰ ਨਿਮਨਲਿਖਤ ਹਾਲਾਤ ਵਿੱਚ ਮੇਰੇ ਖਾਤੇ ਨੂੰ ਫਰੀਜ਼ ਕਰਨ ਲਈ ਅਧਿਕਾਰਤ ਕਰਦੇ ਹਾਂ, ਸਿਵਾਏ ਉਸ ਦੇ ਜਿੱਥੇ ਕਿ ਨਿਰਧਾਰਿਤ ਨਹੀਂ ਕੀਤਾ ਗਿਆ ਹੈ, ਮੈਨੂੰ ਸੂਚਿਤ ਕੀਤਾ ਜਾਵੇਗਾ। ਏ. ਜੇਕਰ ਬੈਂਕ ਨੂੰ ਇਹ ਸ਼ੱਕ ਹੈ ਕਿ ਮੇਰੇ ਬੈਂਕ ਵਿੱਚ ਸਾਰੀ ਨਕਦੀ, ਚੈੱਕ, ਡੀਡੀ ਨਾਲ ਹੋਰ ਜਮਾਂ/ ਐਨਈਐਫਟੀ, ਆਰਟੀਜੀਐਸ ਆਦਿ ਦੇ ਮਾਧਿਅਮ ਨਾਲ ਲੈਣ-ਦੇਣ ਅਤੇ ਹੋਰ ਸਬੰਧਿਤ ਜਮਾਂ ਰਾਸ਼ੀ ਸਮੇਂ-ਸਮੇਂ 'ਤੇ ਲਾਗੂ ਕਾਨੂੰਨਾਂ ਅਤੇ ਰੈਗੂਲੇਸ਼ਨਾਂ ਦੇ ਅਨੁਸਾਰ ਨਹੀਂ ਹੈ ਜਾਂ ਉਸ ਦੀ ਉਲੰਘਣਾ ਕਰਦੀ ਹੈ, ਤਾਂ ਬੈਂਕ ਖਾਤੇ ਨੂੰ ਫਰੀਜ਼ ਕਰ ਸਕਦਾ ਹੈ ਅਤੇ ਅਸੀਂ ਅਜਿਹੇ ਜਮਾਂ/ਲੈਣ-ਦੇਣ ਲਈ ਜ਼ਿੰਮੇਦਾਰ/ਜਵਾਬਦੇਹ ਹੋਵਾਂਗੇ। ਬੀ. ਜੇਕਰ ਇਹ ਸ਼ੱਕ ਹੈ ਕਿ ਮੇਰੇ ਖਾਤੇ ਦਾ ਦੁਰ-ਉਪਯੋਗ ਮਨੀ ਮਿਊਲ ਦੇ ਰੂਪ ਵਿੱਚ ਜਾਂ ਅਣ-ਅਧਿਕਾਰਤ ਮਨੀ ਪੂਲਿੰਗ ਲਈ ਚੈਨਲ ਦੇ ਰੂਪ ਵਿੱਚ ਜਾਂ ਕਿਸੇ ਅਵੈਧ ਗਤੀਵਿਧੀ ਲਈ ਇਕ ਮਾਧਿਅਮ ਦੇ ਰੂਪ ਵਿੱਚ ਕੀਤਾ ਜਾ ਰਿਹਾ ਹੈ (ਮੈਨੂੰ ਇਸ ਮਾਮਲੇ ਵਿੱਚ ਕੋਈ ਨੋਟਿਸ ਨਹੀਂ ਮਿਲੇਗਾ)

**ਖਾਤਾ ਬੰਦ ਕਰਨਾ:** ਮੈਂ ਬੈਂਕ ਨੂੰ ਨਿਮਨਲਿਖਤ ਮਾਮਲਿਆਂ ਵਿੱਚ, ਮੈਨੂੰ ਪੂਰਵ ਸੂਚਨਾ ਨਾਲ ਆਪਣਾ ਖਾਤਾ ਬੰਦ ਕਰਨ ਲਈ ਅਧਿਕਾਰਤ ਕਰਦਾ ਹਾਂ। ਏ. ਖਾਤੇ ਵਿੱਚ ਬਾਕੀ ਰਾਸ਼ੀ 3 ਮਹੀਨੇ ਜਾਂ ਉਸ ਤੋਂ ਵੱਧ ਸਮੇਂ ਤੱਕ ਜ਼ੀਰੋ ਰਹਿੰਦੀ ਹੈ। ਬੀ. ਮੇਰੇ ਖਾਤੇ ਤੋਂ ਭੁਗਤਾਨ ਅਸਵੀਕਾਰ ਹੋਣ ਦੀਆਂ ਵਧੇਰੇ ਘਟਨਾਵਾਂ ਹੁੰਦੀਆਂ ਹਨ; ਸੀ. ਅਜਿਹਾ ਕੋਈ ਹੋਰ ਮਾਮਲਾ ਜਿਸ 'ਤੇ ਕਿ ਬੈਂਕ ਕਿਸੇ ਅਦਾਲਤ/ਵਿਧਾਨਿਕ/ਰੈਗੂਲੇਟਰੀ ਅਥਾਰਟੀ ਦੁਆਰਾ ਸਮੇਂ-ਸਮੇਂ 'ਤੇ ਜਾਰੀ/ਨਿਰਦੇਸ਼ਿਤ ਕਿਸੇ ਨਿਰਦੇਸ਼/ਦਿਸ਼ਾ-ਨਿਰਦੇਸ਼/ਹਿਦਾਇਤਾਂ ਅਨੁਸਾਰ ਫੈਸਲਾ ਲੈ ਸਕਦਾ ਹੈ।

**ਲੈਣ-ਦੇਣ:** ਖਾਤੇ ਦੇ ਸਬੰਧ ਵਿੱਚ ਐਕਸਿਸ ਬੈਂਕ ਨੂੰ ਕੋਈ ਵੀ ਨਿਰਦੇਸ਼ ਚਾਹੇ ਉਹ ਵਿੱਤੀ/ਗੈਰ-ਵਿੱਤੀ ਕਿਸਮ ਦਾ ਹੋਵੇ (ਜਿਵੇਂਕਿ ਚੈੱਕ ਬੁਕ/ਕਾਰਡ ਜਾਰੀ ਕਰਨਾ, ਵਿੱਤੀ ਲੈਣ ਦੇਣ, ਨਿੱਜੀ ਵੇਰਵੇ ਦੀ ਅੱਪਡੇਟ ਆਦਿ), ਮੈਂ ਸਿਰਫ ਅਧਿਕਾਰਤ ਚੈਨਲਾਂ ਦੇ ਮਾਧਿਅਮ ਨਾਲ ਪ੍ਰਦਾਨ ਕਰਾਂਗਾ ਜਿਸ ਨੂੰ ਕਿ ਉਸ ਸਮੇਂ ਪ੍ਰਚਲਿਤ ਨਿਆਮਕ ਦਿਸ਼ਾ-ਨਿਰਦੇਸ਼ਾਂ ਦੇ ਆਧਾਰ ’ਤੇ ਬੈਂਕ ਦੁਆਰਾ ਨਿਰਧਾਰਿਤ ਕੀਤਾ ਜਾਵੇਗਾ। ਐਕਸਿਸ ਬੈਂਕ ਤੋਂ ਉਹਨਾਂ ਨਿਰਦੇਸ਼ਾਂ ’ਤੇ ਕਾਰਵਾਈ ਕਰਨ ਦੀ ਆਸ ਨਹੀਂ ਕੀਤੀ ਜਾਂਦੀ ਹੈ ਜੋ ਕਿ ਅਧਿਕਾਰਤ ਚੈਨਲਾਂ ਦੇ ਮਾਧਿਅਮ ਰਾਹੀਂ ਨਹੀਂ ਆਉਂਦੇ ਹਨ, ਪਰ ਆਸਾਧਾਰਨ ਹਾਲਾਤ ਵਿੱਚ ਅਜਿਹੀਆਂ ਸਹੂਲਤਾਂ ਪ੍ਰਦਾਨ ਕਰਨ ਲਈ ਉਹ ਆਪਣੇ ਵਿਵੇਕ ’ਤੇ ਕਾਰਜ ਕਰਨ ਦਾ ਅਧਿਕਾਰ ਸੁਰੱਖਿਅਤ ਰੱਖਦਾ ਹੈ।

**ਚੈਨਲ ਸਹੂਲਤ:** ਗੈਰ-ਅਧਿਕਾਰਤ ਹਸਤਾਖਰਕਰਤਾ ਜੋ ਕਿ ਚੈਨਲ ਸੇਵਾ ਸਹੂਲਤ ਚਾਹੁੰਦਾ ਹੈ, ਉਸ ਨੂੰ ਚੈਨਲ ਪੰਜੀਕਰਨ ਫਾਰਮ ਭਰਨਾ ਪਵੇਗਾ ਅਤੇ ਇਸ ਨੂੰ ਸਹਾਇਕ ਦਸਤਾਵੇਜ਼ਾਂ ਨਾਲ ਜਮਾਂ ਕਰਨਾ ਪਵੇਗਾ।

**ਚੈਕ ਬੁੱਕ:** ਜੇਕਰ ਇਕ ਵਿੱਤੀ ਸਾਲ ਦੌਰਾਨ ਚਾਰ ਮੌਕਿਆਂ ’ਤੇ ਉੱਚਿਤ ਧੰਨ ਦੀ ਕਮੀ ਦੇ ਕਾਰਨ 1 ਕਰੋੜ ਅਤੇ ਉਸ ਤੋਂ ਵੱਧ ਦੇ ਚੈੱਕ ਵਾਪਸ ਕੀਤੇ ਜਾਂਦੇ ਹਨ ਜਾਂ ਇਕ ਤਿਮਾਹੀ ਅੰਦਰ ਉੱਚਿਤ ਧੰਨ ਦੀ ਕਮੀ ਦੇ ਕਾਰਨ 1 ਕਰੋੜ ਤੋਂ ਘੱਟ ਦੇ 8 ਚੈੱਕ ਵਾਪਸ ਕੀਤੇ ਜਾਂਦੇ ਹਨ, ਤਾਂ ਕੋਈ ਤਾਜ਼ਾ ਚੈਕ ਬੁਕ ਜਾਰੀ ਨਹੀਂ ਕੀਤੀ ਜਾਵੇਗੀ ।

**ਡੈਬਿਟ ਕਾਰਡ:** ਐਕਸਿਸ ਬੈਂਕ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਾਰੀਆਂ ਸਹੂਲਤਾਂ ਵਿਸ਼ੇਸ਼ ਦਿਸ਼ਾ-ਨਿਰਦੇਸ਼ਾਂ ਦੇ ਅਧੀਨ ਹਨ ਜੋ ਕਿ ਵੈਬਸਾਈਟ www.axisbank.com ’ਤੇ ਦਿੱਤੇ ਗਏ ਹਨ। ਜੇਕਰ ਮੈਂ ਕਿਸੇ ਨੂੰ ਵੀ ਪਾਸਵਰਡ, ਪਿੰਨ ਜਾਂ ਆਈਡੀ/ਟੀਐਫਕੁਨੈਕਟ ਵਰਗੀ ਸੰਵੇਦਨਸ਼ੀਲ ਜਾਣਕਾਰੀ ਦੱਸਦਾ ਹਾਂ, ਤਾਂ ਐਕਸਿਸ ਬੈਂਕ ਧੋਖਾਧੜੀ ਲਈ ਉੱਤਰਦਾਈ ਨਹੀਂ ਹੋਵੇਗਾ।